# ਰਾਜਾ ਰਸਾਲੂ

راجہ رسالو

7

ਕਰਤਾ:-

ਬਾਵਾ ਬੁਧ ਸਿੰਘ

ਸਭ ਹਕ ਰਾਖਵੇਂ ਹਨ

੧ ੴ

# ਰਾਜਾ ਰਸਾਲੂ

ਰਾਜਾ ਰਸਾਲੂ ਸਬੰਧੀ ਡੂੰਘੀ ਇਤਹਾਸਕ ਖੋਜ
ਅਤੇ ਉਸ ਬਾਬਤ ਪਰਚੱਲਤ ਕਹਾਣੀਆਂ
ਤੇ ਗੀਤਾਂ ਦਾ ਸੰਗ੍ਰਹਿ

—ਰਚਿਤ—

**ਸ੍ਰੀ ਮਾਨ ਬਾਵਾ ਬੁਧਸਿੰਘ ਜੀ**
(I. E. S.)
ਐਗਜ਼ੈਕਟਿਵ ਅੰਜੀਨੀਅਰ

ਕਰਤਾ—ਹੰਸ ਚੋਗ, ਕੋਇਲਕੂ, ਬੰਬੀਹਾਬੋਲ,
ਮੁੰਦਰੀ ਛਲ ਨਾਟਕ, ਦਾਮਨੀ ਨਾਟਕ ਆਦਿ।

DYAL SINGH LAHORE LIBRARY

ਪ੍ਰਕਾਸ਼ਕ:—

**ਬਾਵਾ ਤੇਜਾ ਸਿੰਘ ਐਂਡ ਬ੍ਰਾਦਰਜ**
੯. ਪੰਚ ਮਹੱਲ ਰੋਡ ਲਾਹੌਰ.
—: ੧੯੩੧ :—

ਪਹਿਲੀ ਵਾਰ ਗਿਣਤੀ ੧੦੦੦.

22988
870

ਇਹ ਪੁਸਤਕ ਅਤੇ ਬਾਵਾ ਬੁਧ ਸਿੰਘ ਜੀ
ਰਚਿਤ ਹੋਰ ਸਭ ਪੁਸਤਕਾਂ ਮਿਲਣ ਦਾ

ਪਤਾ--

**"ਫੁਲਵਾੜੀ ਪੁਸਤਕ ਭੰਡਾਰ"**

੪੦ ਰੇਲਵੇ ਰੋਡ ਲਾਹੌਰ.

BAWA BUDH SINGH I. S. E.
No. ............
Date ............
LAHORE



ਬਾਵਾ ਬੁਧ ਸਿੰਘ ਜੀ ਸੁਪ੍ਰੰਟੰਡਿੰਗ ਅੰਨਜੀਨੀਅਰ
(I. E. S.)



ਸਰ ਰਿਚਰਡ ਟੈਂਪਲ.

# ਸ੍ਰੀ ਮਾਨ ਬਾਵਾ ਬੁਧਸਿੰਘ ਜੀ.

ਸੀ ਮਾਨ ਬਾਵਾ ਬੁਧਸਿੰਘ ਜੀ ਸੁਪ੍ਰੰਟੈਂਡਿੰਗ ਐਨਜੀਨੀਅਰ ਦਾ ਨਾਮ ਅਗੇ ਸਾਹਿਤਕ-ਲੇਖਕ ਦੀ ਹੈਸੀਅਤ ਵਿਚ ਸਾਰੇ ਪ੍ਰਸਿਧ ਹੈ। ਪੰਜਾਬੀ ਸਾਹਿਤ ਦਾ ਭੰਡਾਰਾ ਭਰਨ ਲਈ ਉਨ੍ਹਾਂ ਨੇ ਜੋ ਬਹੁ-ਮੁੱਲੀਆਂ ਰਚਨਾਂ ਕੀਤੀਆਂ ਹਨ ਉਹ ਸਦਾ ਹੀ ਨਵੇਂ ਲੇਖਕਾਂ ਦੀ ਅਗਵਾਈ ਕਰਦੀਆਂ ਰਹਿਣਗੀਆਂ ਅਤੇ ਪੰਜਾਬੀ ਸਾਹਿਤ ਸੰਸਾਰ ਵਿਚ ਸੂਰਜ ਵਾਂਙ ਚਮਕਦੀਆਂ ਰਹਿਣਗੀਆਂ। ਲੋਕੀ ਹੁਣ ਤਕ ਈਹੋ ਜਾਣਦੇ ਸਨ ਕਿ ਬਾਵਾ ਸਾਹਿਬ ਪੰਜਾਬੀ ਕਵਿਤਾ ਦ ਪ੍ਰੇਮੀ ਅਤੇ ਚੋਟੀ ਦੇ ਸਾਹਿਤ-ਲੇਖਕ ਹਨ ਪਰ ਅਸਲ ਵਿਚ ਬਾਵਾ ਜੀ ਨੂੰ ਸਾਹਿਤ ਦੀ ਖੋਜ ਨਾਲੋਂ ਇਤਿਹਾਸ ਦੀ ਵਧੇਰੇ ਲਗਨ ਸੀ; ਉਨ੍ਹਾਂ ਨੇ ਆਪਣੇ ਜੀਵਨ ਦੇ ਪ੍ਰੋਗਰਾਮ ਵਿਚ ਸਿਖ ਇਤਿਹਾਸ ਦੇ ਸਿਖ-ਰਾਜ ਦੇ ਸਮੇ ਦੀ ਖੋਜ ਕਰਨੀ ਨਿਸਚੇ ਕੀਤੀ ਹੋਈ ਸੀ, ਇਸ ਸਬੰਧੀ ਓਹ ਪੁਸਤਕਾਂ ਇਕੱਤ੍ਰ ਕਰ ਰਹੇ ਸਨ ਤੇ ਨੋਟ ਲਿਖ ਰਹੇ ਸਨ, ਪਰ ਸ਼ੋਕ ਕਿ ਕਾਲ ਬਲੀ ਨੇ ਉਨ੍ਹਾਂ ਦੀ ਇਹ ਆਸ ਪੂਰਨ ਨਾ ਹੋਣ ਦਿਤੀ॥

"ਰਾਜਾ ਰਸਾਲੂ" ਉਨ੍ਹਾਂ ਦੀ ਇਤਿਹਾਸਕ ਖੋਜ ਦਾ ਪਹਿਲਾ ਸਿੱਟਾ ਹੈ। ਇਸ ਪੁਸਤਕ ਨੂੰ ਉਨ੍ਹਾਂ ਨੇ ਅਸਲੋਂ ਅੰਗਰੇਜ਼ੀ ਵਿਚ ਲਿਖਿਆ ਸੀ ਤੇ "ਪੰਜਾਬ ਇਤਹਾਸ ਖੋਜਕ ਸੁਸਾਇਟੀ" ਵਿਚ ਭੇਜਨ ਲਈ ਉਹ ਇਸਨੂੰ ਤਿਆਰ ਕਰ ਰਹੇ ਸਨ ਪਰ ਮੇਰੀ ਬੇਨਤੀ ਮੰਨਕੇ ਉਨ੍ਹਾਂ ਨੇ ਇਸ ਨੂੰ ਪਹਿਲਾਂ ਪੰਜਾਬੀ ਵਿਚ ਲਿਖ ਦਿਤਾ।

ਰਾਜਾ ਰਸਾਲੂ ਨੂੰ ਪੰਜਾਬ ਵਿਚ ਓਹੀ ਦਰਜਾ ਪ੍ਰਾਪਤ ਹੈ ਜੋ ਇੰਗਲੈਂਡ ਵਿਚ ਆਰਥਰ ਨੂੰ। ਰਸਾਲੂ ਦੇ ਗੀਤਾਂ ਕਹਾਣੀਆਂ ਦਾ ਕੋਈ ਅੰਤ ਨਹੀਂ। ਬਾਵਾ ਜੀ ਨੇ ਬੜੀ ਖੋਜ ਨਾਲ ਇਹ ਪੁਸਤਕ ਲਿਖੀ ਹੈ। ਇਸਦਾ ਮੂਲ ਕੇਵਲ ਇਤਿਹਾਸ ਖੋਜੀ-ਸਜਨ ਹੀ ਪਾਉਣਗੇ। ਇਸ ਵਿਚ ਪਹਿਲਾਂ ਰਸਾਲੂ ਬਾਰੇ ਇਤਿਹਾਸਕ ਖੋਜ

ਹੈ, ਫਿਰ ਰਸਾਲੂ ਦੀਆਂ ਕਥਾ ਕਹਾਣੀਆਂ ਦਰਜ ਹਨ । ਇਸਦੇ ਮਗਰੋਂ ਰਸਾਲੂ ਸਬੰਧੀ ਜਿਤਨੇਕੁ ਗੀਤ ਮਿਲ ਸਕੇ ਹਨ ਇਕੱਠੇ ਕਰਕੇ ਰਖ ਦਿਤੇ ਹਨ ।

ਸ਼ੋਕ ਹੈ ਕਿ ਇਹ ਪੁਸਤਕ ਹਾਲਾਂ ਪ੍ਰੈਸ ਵਿਚ ਹੀ ਸੀ ਕਿ ਬਾਵਾ ਜੀ ਨੂੰ ਦਰਗਾਹੋਂ ਸੱਦਾ ਆ ਗਿਆ । ਆਪ ਮੋਟਰ ਦੇ ਹਾਦਸੇ ਨਾਲ ੧੯ ਅਕਤੂਬਰ ੧੯੩੧ ਈ: ਨੂੰ ਲਾਹੌਰ ਵਿਚ ਚਲਾਣਾ ਕਰ ਗਏ । ਜੇ ਆਪ ਜੀਊਂਦੇ ਰਹਿੰਦੇ ਤਾਂ ਇਸ ਪੁਸਤਕ ਦਾ ਵਿਦਵਤਾ ਭਰਿਆ ਮੁਖ-ਬੰਧ ਲਿਖਦੇ । ਹੁਣ ਅਸੀ ਬਿਨਾ ਇਸ ਵਿਚ ਕੁਝ ਵਾਧਾ ਕੀਤੇ ਦੇ ਜਿਉਂ ਦੀ ਤਿਉਂ ਪਾਠਕਾਂ ਦੇ ਪੇਸ਼ ਕਰ ਰਹੇ ਹਾਂ । ਸਾਨੂੰ ਆਸ ਹੈ ਪੰਜਾਬੀ ਦੇ ਪ੍ਰੇਮੀ ਇਸ ਇਤਿਹਾਸਕ ਖੋਜ ਦੀ ਉਤਮ ਪੁਸਤਕ ਦੀ ਯੋਗ ਕਦਰ ਕਰਨ ਗੇ ।

ਦਾਸ—ਹੀਰਾ ਸਿੰਘ "ਦਰਦ"

# ਸਰ ਰਿਚਰਡ ਟੈਂਪਲ

"ਰਾਜਾ ਰਸਾਲੂ" ਦੀ ਖੋਜ ਵਿਚ ਬਾਵਾ ਜੀ ਨੂੰ ਸਰ ਰਿਚਰਡ ਟੈਂਪਲ ਤੋਂ ਖਾਸ ਤੌਰ ਤੇ ਮਦਦ ਮਿਲੀ ਹੈ ਤੇ ਬਾਵਾ ਜੀ ਇਨ੍ਹਾਂ ਦੇ ਬੜੇ ਹੀ ਧੰਨਵਾਦੀ ਸਨ। ਬਾਵਾ ਜੀ ਦੀ ਅੰਤਲੀ ਖ਼ਾਹਸ਼ ਦੇ ਮੁਤਾਬਕ ਸਰ ਰਿਚਰਡ ਟੈਂਪਲ ਦੇ ਧੰਨਵਾਦ ਦੀ ਨਿਸ਼ਾਨੀ ਦੇ ਤੌਰ ਤੇ ਉਨ੍ਹਾਂ ਦੀ ਤਸਵੀਰ ਵੀ ਇਸ ਪੁਸਤਕ ਵਿਚ ਦਿਤੀ ਜਾਂਦੀ ਹੈ ।

ਪਾਠਕਾਂ ਦੀ ਵਾਕਫ਼ੀ ਲਈ ਏਹ ਦਸਨਾ ਜ਼ਰੂਰੀ ਮਲੂਮ ਹੋਂਦਾ ਹੈ ਕਿ ਸਰ ਰਿਚਰਡ ਟੈਂਪਲ ਕੌਣ ਸੀ ਤੇ ਇਸਨੇ ਕੀ ਕੀ ਕੰਮ ਕੀਤੇ ।

ਅਸੀ ਲੋਕ ਸੁੱਤੇ ਪਏ ਹਾਂ ਤੇ ਸਾਡੇ ਦੇਸ ਵਿਚੋਂ ਦੱਬੇ ਹੋਏ ਰਤਨ ਪਰਦੇਸੀ ਲੋਕ ਆਕੇ ਢੂੰਢ ਢੂੰਢ ਕੇ ਕਢਦੇ ਹਨ। ਸਰ ਰਿਚਰਡ ਟੈਂਪਲ ਉਨ੍ਹਾਂ ਸਜਨਾਂ ਵਿਚੋਂ ਹਨ ਜਿਨ੍ਹਾਂ ਨੇ ਪੂਰਬੀ ਜ਼ਬਾਨਾਂ ਦੇ ਇਤਿਹਾਸ ਅਤੇ ਕਲਚਰ ਦੀ ਡੂੰਘੀ ਖੋਜ ਤੇ ਵਿਚਾਰ ਕੀਤੀ ਹੈ ॥

ਇਨ੍ਹਾਂ ਦਾ ਜਨਮ ੧੫ ਅਕਤੂਬਰ ੧੯੫੦ ਈ: ਨੂੰ ਅਲਾਹ ਅਬਾਦ ਵਿਚ ਹੋਇਆ ਸੀ, ਵਲੈਤ ਵਿਚ ਵਿਦਿਆ ਪਾਂਦੇ ਰਹੇ ਤੇ ੨੧ ਸਾਲ ਦੀ ਉਮਰ ਵਿਚ ਇਹ ਹਿੰਦੁਸਤਾਨੀ ਫ਼ੌਜ ਵਿਚ ਨੌਕਰ ਹੋ ਗਏ । ਦੂਜੇ ਅਫ਼ਗਾਨ ਜੁਧ (੧੮੭੮–੭੯) ਵਿਚ ਇਨ੍ਹਾਂ ਨੇ ਬੜੀ ਵਡਿਆਈ ਪ੍ਰਾਪਤ ਕੀਤੀ; ਫਿਰ ਇਹ ਪੰਜਾਬ ਵਿਚ ਕੰਟੋਨਮੈਂਟ ਮੈਜਿਸਟ੍ਰੇਟ ਲਗ ਗਏ । ਇਸ ਸਮੇ ਵਿਚ ਆਪਨੇ ਪੰਜਾਬ ਦੇ ਸਭ ਜ਼ਿਲਿਆਂ ਵਿਚੋਂ ਪੰਜਾਬ ਦੀਆਂ ਕਹਾਣੀਆਂ ਤੇ ਗੀਤ ਇਕੱਠੇ ਕਰਨੇ ਸ਼ੁਰ ਕੀਤੇ । ਇਕ ਪਰਦੇਸੀ ਲਈ ਜੋ ਪੰਜਾਬ ਦੀ ਜ਼ਬਾਨ, ਰਹਿਣੀ ਬਹਿਣੀ ਤੇ ਸੁਭਾ ਤੋਂ ਬਿਲਕੁਲ ਓਪਰਾ ਸੀ ਅਜਿਹਾ ਕੰਮ ਕਰਨਾ ਕਿਤਨਾ ਕਠਨ ਸੀ, ਪਰ ਅੰਗਰੇਜ਼ਾਂ ਵਿਚ ਇਲਮ ਤੇ ਖੋਜ ਦਾ ਖਾਸ ਗੁਣ ਹੈ। ਇਹ ਲੋਕ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.